ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**
ISSN: 2584-0509

(Page 167 to 180 )

# ਗੁਰਮਤਿ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸਾਜ਼



**ਹਰਵਿੰਦਰ ਬੀਰ ਕੌਰ**
**ਰਿਸਰਚ ਸਕਾਲਰ,**
**ਸੰਗੀਤ ਵਿਭਾਗ**
**ਪੰਜਾਬੀ ਯੂਨੀਵਰਸਿਟੀ.**
**ਪਟਿਆਲਾ**

ਗੁਰੂ ਸਾਹਿਬਾਨ ਨੇ ਸੰਗਤ ਨੂੰ ਪਰਮਾਤਮਾ ਦੇ ਨਾਲ ਜੋੜਨ ਦੇ ਲਈ ਸੰਗੀਤ ਨੂੰ ਅਧਾਰ ਬਣਾਇਆ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਰਾਮਦਾਸ ਜੀ ਦੇ ਸਮੇਂ ਤੱਕ ਸੰਪੂਰਨ ਬਾਣੀ ਮੌਖਿਕ ਰੂਪ ਵਿੱਚ ਹੀ ਸੀ ਪਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਸੰਪੂਰਨ ਬਾਣੀ ਨੂੰ ਲਿਖਤੀ ਰੂਪ ਦਿੱਤਾ ਅਤੇ 1604 ਈ. ਵਿੱਚ ਆਦਿ ਗ੍ਰੰਥ ਦੀ ਰਚਨਾ ਕਰਕੇ ਉਸਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਕੋਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕਰਵਾਈ ਗਈ ਅਤੇ 1708 ਈ. ਵਿੱਚ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ 31 ਮੁੱਖ ਰਾਗਾਂ ਵਿੱਚ ਹੈ। ਬੇਸ਼ੱਕ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ਼ਬਦ ਪ੍ਰਧਾਨ ਹੈ ਪਰ ਇਸ ਵਿੱਚ ਸੰਗੀਤ ਦੇ ਤੱਤ ਰਾਗ, ਤਾਲ, ਸਲੋਕ, ਘਰੁ, ਅਲਾਹੁਣੀਆਂ ਅਤੇ ਵੱਖ-ਵੱਖ ਸਾਜ਼ਾਂ ਦਾ ਵੀ ਜ਼ਿਕਰ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰਮਤਿ ਸੰਗੀਤ ਦੀ ਪਰੰਪਰਾ ਚੱਲੀ ਆ ਰਹੀ ਹੈ। ਗੁਰੂ ਜੀ ਨੇ ਆਪਣੇ ਬਚਪਨ ਵਿੱਚ ਪ੍ਰਭੂ ਬੰਦਗੀ ਅਤੇ ਕੀਰਤਨ ਗਾਇਨ ਦੇ ਲਈ ਭਾਈ ਮਰਦਾਨਾ ਜੀ ਨੂੰ ਰਬਾਬ ਵਾਦਕ ਵਜੋ ਆਪਣਾ ਸਾਥੀ ਬਣਾਇਆ ਅਤੇ ਸਾਰੀ ਦੁਨੀਆ ਵਿੱਚ ਕੀਰਤਨ ਕਰਕੇ ਲੋਕਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਕੀਰਤਨ ਪਰੰਪਰਾ ਅੱਜ ਵੀ ਗੁਰੂ ਘਰਾਂ ਵਿੱਚ ਚੱਲ ਰਹੀ ਹੈ।

## ਗੁਰਮਤਿ ਸੰਗੀਤ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸਾਜ਼

ਗੁਰਮਤਿ ਦੀ ਪਰੰਪਰਾ ਸ਼ੁਰੂ ਹੋਣ ਦੇ ਨਾਲ ਹੀ ਕੀਰਤਨ ਪਰੰਪਰਾ ਵੀ ਸ਼ੁਰੂ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਕੀਰਤਨ ਲਈ ਸਭ ਤੋਂ ਪਹਿਲਾਂ ਰਬਾਬ ਸਾਜ਼ ਦੀ ਚੋਣ ਕੀਤੀ। ਇਹ ਸਾਜ਼ ਪਰੰਪਰਾ ਲਗਾਤਾਰ ਚਲਦੀ ਰਹੀ ਅਤੇ ਰਬਾਬ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਸਾਜ਼ਾਂ ਦਾ ਪ੍ਰਚਲਨ ਸ਼ੁਰੂ ਹੋ ਗਿਆ। ਇਹਨਾਂ ਸਾਜ਼ਾਂ ਵਿੱਚ ਸੁਰ ਸਾਜ਼ ਅਤੇ ਤਾਲ ਦੋਨੋਂ ਹੀ ਤਰ੍ਹਾਂ ਦੇ ਸਾਜ਼ਾਂ ਦਾ ਪ੍ਰਯੋਗ ਹੋ ਰਿਹਾ। ਗੁਰਮਤਿ ਸੰਗੀਤ ਦੀ ਪਰੰਪਰਾਂ ਦਾ ਅਧਾਰ ਸ਼ਾਸਤਰੀ ਸੰਗੀਤ ਹੀ ਰਿਹਾ ਹੈ ਇਸ ਲਈ ਗੁਰਮਤਿ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸਾਜ਼ਾਂ ਦਾ ਵਰਣਨ ਕਰਨ ਤੋਂ ਪਹਿਲਾਂ ਸ਼ਾਸਤਰੀ ਸੰਗੀਤ ਵਿੱਚ ਸਾਜ਼ਾਂ ਦੇ ਵਰਗੀਕਰਨ ਬਾਰੇ ਜਾਣ ਲੈਣਾ ਬਹੁਤ ਜਰੂਰੀ ਹੈ।



www.khojnama.com khojnamapb03@gmail.com

## ਸਾਜ਼ਾਂ ਦਾ ਵਰਗੀਕਰਨ

ਗੁਰਮਤਿ ਸੰਗੀਤ ਦੀ ਪਰੰਪਰਾ ਬੇਸ਼ੱਕ ਆਧੁਨਿਕ ਸਮੇਂ ਵਿੱਚ ਇੱਕ ਅਲੱਗ ਪਹਿਚਾਣ ਰੱਖਦੀ ਹੈ ਪ੍ਰੰਤੂ ਇਸਦਾ ਆਧਾਰ ਹਿੰਦੁਸਤਾਨੀ ਸੰਗੀਤ ਪਰੰਪਰਾ ਹੀ ਰਹੀ ਹੈ। ਹਿੰਦੁਸਤਾਨੀ ਸੰਗੀਤ ਵਿੱਚ ਵਿਦਵਾਨਾਂ ਦੁਆਰਾ ਸਾਜ਼ਾਂ ਦੇ ਵਰਗੀਕਰਨ ਬਾਰੇ ਵੱਖ-ਵੱਖ ਵਿਚਾਰ ਪੇਸ਼ ਕੀਤੇ ਗਏ ਹਨ। "ਵਾਦ ਸ਼ਬਦ ਦਾ ਪ੍ਰਯੋਗ ਵਾਦ ਯੰਤਰ, ਕਿਰਿਆ ਅਥਵਾ ਵਾਦਨ ਵਿਧੀ, ਵਾਦ ਰਚਨਾ, ਵਾਦਨ ਦੇ ਪ੍ਰਕਾਰ ਆਦਿ ਵਿਭਿੰਨ ਅਰਥਾਂ ਵਿੱਚ ਨਾਟਯ ਸ਼ਾਸਤਰ ਅਤੇ ਅਭਿਨਵਭਾਰਤੀ ਆਦਿ ਗ੍ਰੰਥਾਂ ਵਿੱਚ ਕੀਤਾ ਗਿਆ ਹੈ। ਸੰਗੀਤ ਰਤਨਾਰਕਰ ਦੇ ਅਨੁਸਾਰ ਚਾਰ ਪ੍ਰਕਾਰ ਦੇ ਸਾਜ਼ਾਂ ਤੋਂ ਗੀਤ ਉਤਪੰਨ ਹੁੰਦੇ ਹਨ।"[1] ਤੱਤ ਸਾਜ਼, ਸੁਸ਼ਿਰ ਸਾਜ਼, ਅਵਨੱਧ ਸਾਜ਼ ਅਤੇ ਘਨ ਸਾਜ਼।

**ਤੱਤ ਸਾਜ਼**- ਤਾਰਾਂ ਵਾਲੇ ਸਾਜ਼ਾਂ ਨੂੰ ਤੱਤ ਸਾਜ਼ਾਂ ਦੀ ਸ਼੍ਰੇਣੀ ਦੇ ਅੰਤਰਗਤ ਰੱਖਿਆ ਜਾਂਦਾ ਹੈ। ਪ੍ਰੰਤੂ ਇਹਨਾਂ ਨੂੰ ਵੀ ਅੱਗੇ ਦੋ ਹਿੱਸਿਆਂ ਤੱਤ ਅਤੇ ਵਿਤੱਤ ਵਿੱਚ ਵੰਡਿਆ ਗਿਆ ਹੈ।

**ਤੱਤ ਸਾਜ਼**- ਜਿਹਨਾ ਸਾਜ਼ਾਂ ਨੂੰ ਤਿਕੋਣ ਆਕਾਰ ਦੀ ਮਿਜਰਾਬ ਜਾਂ ਜਵੇ ਦੇ ਨਾਲ ਵਜਾਇਆ ਜਾਂਦਾ ਹੋਵੇ ਜਿਵੇ ਕਿ ਸਿਤਾਰ, ਸਰੋਦ, ਰਬਾਬ, ਤਾਨਪੁਰਾ, ਸੁਰ-ਮੰਡਲ, ਆਦਿ।

**ਵਿਤੱਤ ਸਾਜ਼**- ਜਿਹਨਾਂ ਸਾਜ਼ਾਂ ਦਾ ਵਾਦਨ ਲੱਕੜ ਦੇ ਗਜ਼ ਨਾਲ ਕੀਤਾ ਜਾਂਦਾ ਹੋਵੇ ਉਹਨਾਂ ਨੂੰ ਵਿਤੱਤ ਸਾਜ਼ਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਜਿਵੇਂ ਕਿ ਦਿਲਰੁਬਾ, ਇਸਰਾਜ, ਤਾਊਸ, ਸਾਰੰਦਾ ਸ਼ਹਿਨਾਈ ਆਦਿ।

**ਸੁਸ਼ਿਰ ਸਾਜ਼**- ਹਵਾ ਪੈਦਾ ਕਰਕੇ ਸੁਰ ਪੈਦਾ ਕਰਨ ਵਾਲੇ ਸਾਜ਼ਾਂ ਨੂੰ ਸੁਸ਼ਿਰ ਸਾਜ਼ਾਂ ਦੀ ਸ਼੍ਰੇਣੀ ਦੇ ਅੰਤਰਗਤ ਰੱਖਿਆ ਜਾਂਦਾ ਹੈ। ਇਸ ਸ਼੍ਰੇਣੀ ਦੇ ਅਧੀਨ ਮੂੰਹ ਨਾਲ ਫੂਕ ਮਾਰ ਕੇ ਵਜਾਏ ਜਾਣ ਵਾਲੇ ਸਾਜ਼ ਬਾਂਸੁਰੀ, ਸ਼ਹਿਨਾਈ, ਸੰਖ, ਬੀਨ ਆਦਿ ਅਤੇ ਕਿਸੇ ਹੋਰ ਮਾਧਿਅਮ ਦੁਆਰਾ ਹਵਾ ਭਰਕੇ ਵਜਾਏ ਜਾਣ ਵਾਲੇ ਸਾਜ਼ ਹਾਰਮੋਨੀਅਮ, ਮੈਡੋਲੀਕਾ, ਸੁਰ ਪੇਟੀ ਆਦਿ ਸਾਜ਼ ਆਉਂਦੇ ਹਨ।

**ਅਵਨੱਧ ਸਾਜ਼**- ਇਸ ਸ਼੍ਰੇਣੀ ਦੇ ਅੰਤਰਗਤ ਅਜਿਹੇ ਸਾਜ਼ ਆਉਂਦੇ ਹਨ ਜੋ ਚਮੜੇ ਨਾਲ ਮੜੇ ਹੁੰਦੇ ਹਨ ਅਤੇ ਅੰਦਰੋਂ ਖੋਖਲੇ ਹੁੰਦੇ ਹਨ। ਇਹਨਾਂ ਸਾਜ਼ਾਂ ਦਾ ਵਾਦਨ ਹੱਥਾਂ ਨਾਲ ਜਾਂ ਲੱਕੜੀ ਦੀ ਡੰਡੀ ਨਾਲ ਕੀਤਾ ਜਾਂਦਾ ਹੈ। ਇਸ ਵਿੱਚ ਤਬਲਾ, ਢੋਲਕ, ਢੱਡ. ਨਗਾੜਾ ਆਦਿ ਸਾਜ਼ ਆਉਂਦੇ ਹਨ।

**ਘਨ ਸਾਜ਼**- ਹਿੰਦੁਸਤਾਨੀ ਸੰਗੀਤ ਵਿੱਚ ਸਾਜ਼ਾਂ ਦੇ ਵਰਗੀਕਰਨ ਦੀ ਇਹ ਆਖਰੀ ਸ਼੍ਰੇਣੀ ਹੈ। ਇਸ ਸ਼੍ਰੇਣੀ ਦੇ ਅੰਤਰਗਤ ਲੱਕੜੀ, ਲੋਹੇ, ਤਾਂਬੇ ਆਦਿ ਤੋਂ ਬਣੇ ਹੋਏ ਸਾਜ਼ ਆਉਂਦੇ ਹਨ ਜਿਹਨਾਂ ਨੂੰ ਆਪਸ ਵਿੱਚ ਟਕਰਾਉਣ ਨਾਲ ਆਵਾਜ ਉਤਪੰਨ ਹੁੰਦੀ ਹੈ। ਇਸ ਸ਼੍ਰੇਣੀ ਦੇ ਅੰਤਰਗਤ ਛੈਣੇ, ਘੰਟੀ, ਮੰਜੀਰੇ, ਘੜਿਆਲ ਆਦਿ ਸਾਜ਼ਾਂ ਨੂੰ ਰੱਖਿਆ ਜਾਂਦਾ ਹੈ।

**ਰਬਾਬ**



ਰਬਾਬ

ਰਬਾਬ ਸਾਜ਼ ਇਰਾਨ ਦਾ ਸਾਜ਼ ਹੈ ਜਿਸਨੂੰ ਬਾਅਦ ਵਿੱਚ ਅਫ਼ਗਾਨਿਸਤਾਨ ਨੇ ਅਪਨਾ ਲਿਆ। ਰਬਾਬ ਸਾਜ਼ ਦੀ ਪਰਿਭਾਸ਼ਾ ਦਿੰਦੇ ਹੋਏ ਮਹਾਨ ਕੋਸ਼ ਵਿੱਚ ਲਿਖਿਆ ਮਿਲਦਾ ਹੈ "ਤਾਰ ਅਤੇ ਤੰਦ ਦਾ ਇੱਕ ਵਾਜਾ. ਜੋ ਭਾਈ ਮਰਦਾਨੇ ਦਾ ਪਿਆਰਾ ਸਾਜ਼ ਸੀ, ਸੰਗੀਤ ਵਿੱਚ ਇਸਦਾ ਨਾਮ "ਰਾਵਣ ਵੀਣਾ" ਹੈ, ਇਸਦੇ ਦੋ ਭੇਦ ਹਨ- ਇੱਕ ਨਿਬੱਧ (ਜਿਸ ਦੇ ਤੰਦਾਂ ਦੇ ਬੰਦ, ਸੁਰਾਂ ਦੇ ਚਿੰਨ੍ਹ ਲਈ ਬੱਧੇ ਹੋਣ), ਦੂਜਾ ਅਨਿਬੱਧ (ਜਿਸ ਦੇ ਬੰਦ ਨਾ ਹੋਣ)"[2]

ਪ੍ਰਾਪਤ ਤੱਥਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਤਿੰਨ ਵਾਰ ਰਬਾਬ ਸਾਜ਼ ਨੂੰ ਤੋਹਫੇ ਵਜੋਂ ਦਿੱਤਾ। "ਮਰਦਾਨਾ ਜੀ ਦਾ ਵਿਆਹ 1480 ਈ: ਵਿੱਚ ਹੋਇਆ ਸੀ, ਉਸ ਸਮੇਂ ਗੁਰੂ ਜੀ ਨੇ ਤੋਹਫ਼ੇ ਵਜੋਂ ਪਹਿਲੀ ਰਬਾਬ ਮਰਦਾਨਾ ਜੀ ਨੂੰ ਦਿੱਤੀ ਸੀ, ਫਿਰ 1487 ਵਿੱਚ ਗੁਰੂ ਜੀ ਨੇ ਆਪਣੇ ਵਿਆਹ ਸਮੇਂ ਵੀ ਆਪਣੇ ਸੰਗੀ ਸਾਥੀ ਮਰਦਾਨੇ ਨੂੰ ਦੂਸਰੀ ਰਬਾਬ ਭੇਂਟ ਕੀਤੀ ਤੇ ਅਖ਼ੀਰ ਵਿੱਚ 1499 ਈ: ਫਿਰੰਦੇ ਪਾਸੋਂ ਰਬਾਬ ਪ੍ਰਾਪਤ ਕਰਕੇ ਮਰਦਾਨੇ ਨੂੰ ਤੀਸਰੀ ਰਬਾਬ ਭੇਂਟ ਕੀਤੀ।"[3]

ਰਬਾਬ ਦੀ ਬਣਾਵਟ ਦੇ ਲਈ ਤੁਣ ਦੀ ਲੱਕੜੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸਦੇ ਨੀਚੇ ਵਾਲੇ ਪਾਸੇ ਤੂੰਬਾ ਹੁੰਦਾ ਹੈ ਜਿਸਨੂੰ ਭੇਡ ਜਾਂ ਬੱਕਰੇ ਦੇ ਚਮੜੇ ਨਾਲ ਮੜ੍ਹਿਆ ਜਾਂਦਾ ਹੈ। ਰਬਾਬ ਵਿੱਚ ਸਮੇਂ-ਸਮੇਂ 'ਤੇ ਤਾਰਾਂ ਦੀ ਗਿਣਤੀ ਵਿੱਚ ਬਦਲਾਵ ਵੇਖਣ ਨੂੰ ਮਿਲਦਾ

ਰਿਹਾ ਹੈ। "ਰਬਾਬ ਤਿੰਨ ਅਕਾਰਾਂ ਵਿੱਚ ਮਿਲਦੀ ਹੈ। 21 ਤਾਰਾਂ ਵਾਲੀ ਸਭ ਤੋਂ ਵੱਡੇ ਅਕਾਰ ਵਾਲੀ, 19 ਤਾਰਾਂ ਵਾਲੀ ਵਿਚਕਾਰਲੇ ਅਕਾਰ ਵਾਲੀ ਅਤੇ 5 ਤਾਰਾਂ ਵਾਲੀ ਛੋਟੇ ਅਕਾਰ ਵਾਲੀ।"[4] ਆਧੁਨਿਕ ਸਮੇਂ ਵਿੱਚ 5 ਤਾਰਾਂ ਵਾਲੀ ਰਬਾਬ ਦਾ ਹੀ ਵਧੇਰੇ ਵਾਦਨ ਕੀਤਾ ਜਾਂਦਾ ਹੈ। ਰਬਾਬ ਦੇ ਵਾਦਨ ਲਈ ਹਾਥੀ ਦੇ ਦੰਦ ਦਾ ਤਿਕੋਣੇ ਅਕਾਰ ਦਾ ਜਵਾ ਜਾ ਕੋਣ ਪ੍ਰਯੋਗ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਰਬਾਬ ਦਾ ਵਾਦਨ ਗਜ ਅਤੇ ਜਵੇ ਦੋਨਾਂ ਨਾਲ ਹੀ ਕੀਤਾ ਜਾਂਦਾ ਸੀ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਰਬਾਬ ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6 ਵਾਰੀ ਰਬਾਬ ਸ਼ਬਦ ਦਾ ਜ਼ਿਕਰ ਆਇਆ ਹੈ:

ੳ) ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ।। (ਅੰਗ 368)

ਅ) ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ।। ਰਹਾਉ।। (ਅੰਗ 381)

ੲ) ਟੂਟੀ ਤੰਤ ਨ ਬਜੈ ਰਬਾਬ।। (ਅੰਗ 478)

ਸ) ਕਹਿ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ।। (ਅੰਗ 885)

ਹ) ਤੂਟੀ ਤੰਤ ਰਬਾਬ ਕੀ ਵਾਜੈ ਨਹੀਂ ਵਿਜੋਗ।। (ਅੰਗ 985)

ਕ) ਜੀਲ ਬਿਨਾ ਕੈਸੇ ਬਜੈ ਰਬਾਬ।। (ਅੰਗ 1150)

ਰਬਾਬ ਸਾਜ਼ ਦਾ ਵਾਦਨ ਸੰਗਤ ਅਤੇ ਸੁਤੰਤਰ ਦੋਨਾਂ ਹੀ ਰੂਪਾਂ ਵਿੱਚ ਕੀਤਾ ਜਾਂਦਾ ਹੈ। ਆਧੁਨਿਕ ਸਮੇਂ ਵਿੱਚ ਇਸਦਾ ਵਾਦਨ ਲੋਕ ਸੰਗੀਤ ਵਿੱਚ ਵੀ ਕੀਤਾ ਜਾਣ ਲੱਗ ਪਿਆ ਹੈ।

**ਸਰੋਦ**



ਸਰੋਦ ਤਾਰਾਂ ਵਾਲਾ ਸਾਜ਼ ਹੈ ਜਿਸਦਾ ਵਾਦਨ ਸੰਗਤ ਸਾਜ਼ ਵਜੋਂ ਕੀਤਾ ਜਾਂਦਾ ਹੈ। "ਸਰੋਦ ਸ਼ਬਦ ਦੀ ਉਤਪਤੀ ਅਰਬੀ ਦੇ ਸ਼ਹਰੂਦ ਭਾਵ ਸਰੋਦ ਤੋਂ ਹੋਈ ਹੈ, ਜਿਸਦਾ ਅਰਥ ਸੰਗੀਤ ਹੈ।"[5] ਸਰੋਦ ਦਿੱਖ ਵਜੋਂ ਸਿਤਾਰ ਦੇ ਸਮਾਨ ਹੀ ਹੁੰਦਾ ਹੈ ਬਸ ਫਰਕ ਇਹ ਹੁੰਦਾ ਹੈ ਕਿ ਇਹ ਸਿਤਾਰ ਨਾਲੋਂ ਛੋਟਾ ਹੁੰਦਾ ਹੈ। ਇਸ ਵਿੱਚ ਤੂੰਬੇ ਦੇ ਸਥਾਨ 'ਤੇ ਲੱਕੜ ਨੂੰ ਗੋਲ ਕਰਕੇ ਅੰਦਰੋਂ ਖੋਖਲਾ ਕੀਤਾ ਜਾਂਦਾ ਹੈ। "ਦੋ ਹਜ਼ਾਰ ਸਾਲ ਤੋਂ ਵੱਧ ਪੁਰਾਣੇ ਭਾਰਤ ਤੇ ਸਾਂਚੀ ਦੇ ਸਤੂਪਾਂ ਉੱਤੇ ਬਣੇ ਸੰਗੀਤਕਾਰਾਂ ਦੇ ਦ੍ਰਿਸ਼ਾਂ ਤੋਂ ਅਤੇ ਫੇਰ ਉਸ ਤੋਂ ਮਗਰੋਂ ਦੇ ਕਾਲ ਦੇ ਕਈ ਸਮਾਰਕਾਂ ਉੱਤੇ ਇਸੇਂ ਤਰ੍ਹਾਂ ਦੇ ਸਾਜ਼ ਕਲਾਕਾਰ ਵਜਾ ਰਹੇ ਦਿਸਦੇ ਹਨ। ਜਿਸ ਤੋਂ ਸਿੱਧ ਹੁੰਦਾ ਹੈ ਕਿ ਸਰੋਦ ਦਾ ਹੀ ਸਾਦਾ ਰੂਪ ਰਬਾਬ ਦੇ ਨਾਮ ਤੋਂ ਇਰਾਨ ਤੇ ਅਫਗਾਨਿਸਤਾਨ ਵਿਚ ਵਜਾਇਆ ਜਾਂਦਾ ਹੈ।"[6] ਮਹਾਨ ਕੋਸ਼ ਅਨੁਸਾਰ, "ਰਬਾਬ ਦੀ ਤਰ੍ਹਾਂ ਦਾ ਇੱਕ ਵਾਜਾ, ਜਿਸਨੂੰ ਕਾਬੁਲੀ ਬਹੁਤ ਪਸੰਦ ਕਰਦੇ ਹਨ"[7]

ਸਰੋਦ ਦੀ ਬਣਤਰ ਅਤੇ ਰਬਾਬ ਦੀ ਬਣਤਰ ਵਿੱਚ ਥੋੜਾ ਜਿਹਾ ਹੀ ਅੰਤਰ ਦੇਖਣ ਨੂੰ ਮਿਲਦਾ ਹੈ। ਇਸਦੇ ਨੀਚੇ ਵਾਲਾ ਤੂੰਬਾ ਲੱਕੜ ਜਾਂ ਕੱਦੂ ਦਾ ਬਣਿਆ ਹੁੰਦਾ ਹੈ। ਇਸ ਵਿੱਚ ਰਬਾਬ ਨਾਲੋਂ ਵਧੇਰੇ ਤਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਰੋਦ ਵਿੱਚ ਮੁੱਖ ਤਾਰਾਂ ਅਤੇ ਤਰਬ ਦੀਆਂ ਦੋਨੋਂ ਮਿਲਾ ਕੇ ਕੁੱਲ ਤਾਰਾਂ ਦੀ ਗਿਣਤੀ 21-25 ਹੁੰਦੀ ਹੈ। ਇਸਦਾ ਵਾਦਨ ਕੋਣ ਜਾਂ ਨਾਰੀਅਲ ਦੇ ਛਿਲਕੇ ਦੀ ਕਾਂਤਰ ਨਾਲ ਕੀਤਾ ਜਾਂਦਾ ਹੈ। ਇਹ ਗੰਭੀਰ ਪ੍ਰਕਿਰਤੀ ਦਾ ਸਾਜ਼ ਹੈ ਜਿਸਦੀ ਆਵਾਜ ਬਹੁਤ ਹੀ ਮਧੁਰ ਹੁੰਦੀ ਹੈ।

**ਸਰੰਦਾ**




ਇਹ ਵੀ ਤੰਤੀ ਸਾਜ਼ ਹੈ ਅਤੇ ਗਜ਼ ਨਾਲ ਵਜਾਇਆ ਜਾਂਦਾ ਹੈ ਇਹ ਸਾਰੰਗੀ ਨਾਲੋਂ ਵੱਡੇ ਆਕਾਰ ਦਾ ਹੁੰਦਾ ਹੈ। ਇਸਦੇ ਨੀਚਲੇ ਹਿੱਸੇ ਨੂੰ ਤਿਆਰ ਕਰਨ ਲਈ ਲੱਕੜੀ ਨੂੰ ਅੰਦਰੋਂ ਖੋਖਲਾ ਕਰਕੇ ਅੰਡਾਕਾਰ ਅਕਾਰ ਵਿੱਚ ਤਿਆਰ ਕੀਤਾ ਜਾਂਦਾ ਹੈ। ਡਾ. ਜਸਬੀਰ ਕੌਰ

ਅਨੁਸਾਰ, "ਸਿੱਖਾਂ ਦੇ ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਸੰਗਤ ਲਈ ਸਾਰੰਦਾ ਸਾਜ਼ ਵਜਾਇਆ।"[8] ਮਹਾਨ ਕੋਸ਼ ਅਨੁਸਾਰ, "ਉੱਤਮ ਸੁਰ ਦੇਣ ਵਾਲਾ ਤਾਰਦਾਰ ਸਾਜ਼, ਜੋ ਗਜ ਨਾਲ ਵਜਾਈਦਾ ਹੈ, ਇਹ ਸ਼੍ਰੀ ਗੁਰੂ ਅਰਜਨ ਦੇਵ ਦੀ ਨੇ ਆਪਣੀ ਤਜਵੀਜ ਨਾਲ ਬਣਵਾਕੇ ਸਿੱਖ ਰਾਗੀਆਂ ਨੂੰ ਬਖਸ਼ਿਆ ਅਤੇ ਵਜਾਉਣਾ ਸਿਖਾਇਆ।"[9]

ਸਾਰੰਦੇ ਦਾ ਹੇਠਲਾ ਭਾਗ ਅੰਡਾਕਾਰ ਅਕਾਰ ਦਾ ਹੁੰਦਾ ਹੈ। ਇਸਦੀ ਤਬਲੀ ਦੇ ਦੋਨੋਂ ਪਾਸਿਆਂ 'ਤੇ ਕੱਟ ਲੱਗੇ ਹੁੰਦੇ ਹਨ ਜਿਸ ਕਰਕੇ ਤਾਰਾਂ ਉੱਪਰ ਗਜ਼ ਰਗੜਦੇ ਸਮੇਂ ਆਸਾਨੀ ਰਹਿੰਦੀ ਹੈ। ਕੀਰਤਨ ਦੇ ਨਾਲ-ਨਾਲ ਸਾਰੰਦੇ ਦਾ ਪ੍ਰਯੋਗ ਵਾਰ ਗਾਇਨ ਲਈ ਵੀ ਕੀਤਾ ਜਾਂਦਾ ਹੈ। ਵਾਰ ਗਾਇਨ ਕਰਦੇ ਸਮੇਂ ਵਾਦਕ ਗਜ਼ ਨਾਲ ਘੁੰਘਰੂ ਬੰਨ੍ਹ ਲੈਂਦੇ ਹਨ ਜੋ ਕਿ ਤਾਲ ਦੇਣ ਦਾ ਕੰਮ ਕਰਦੇ ਹਨ।

## ਤਾਊਸ/ਦਿਲਰੁਬਾ/ਇਸਰਾਜ

ਤਾਊਸ



ਦਿਲਰੁਬਾ



ਇਹ ਤਿੰਨੇ ਸਾਜ਼ ਲੱਗਭਗ ਇੱਕੋ ਜਿਹੇ ਹਨ। ਤਾਰਾਂ ਵਾਲੇ ਇਹਨਾਂ ਸਾਜ਼ਾਂ ਨੂੰ ਸ਼ਾਸਤਰੀ ਸਾਜ਼ ਸਿਤਾਰ ਦਾ ਛੋਟਾ ਰੂਪ ਹੀ ਕਿਹਾ ਜਾ ਸਕਦਾ ਹੈ ਫਰਕ ਸਿਰਫ ਇੰਨਾ ਹੁੰਦਾ ਹੈ ਕਿ

ਸਿਤਾਰ ਦਾ ਵਾਦਨ ਤਿਕੋਣੇ ਮਿਜ਼ਰਾਬ ਨਾਲ ਕੀਤਾ ਜਾਂਦਾ ਹੈ ਅਤੇ ਇਹਨਾਂ ਸਾਜ਼ਾਂ ਦਾ ਵਾਦਨ ਗਜ਼ ਦੇ ਨਾਲ ਕੀਤਾ ਜਾਂਦਾ ਹੈ।

ਇਹਨਾਂ ਤਿੰਨਾਂ ਸਾਜ਼ਾਂ ਵਿੱਚੋਂ ਦਿਲਰੁਬਾ ਅਤੇ ਇਸਰਾਜ ਇੱਕੋ ਜਿਹੇ ਹੁੰਦੇ ਹਨ ਪਰ ਤਾਊਸ ਦੀ ਬਣਤਰ ਵਿੱਚ ਵੱਖਰਤਾ ਮਿਲਦੀ ਹੈ। ਤਾਊਸ ਬਾਰੇ ਮਹਾਨ ਕੋਸ਼ ਵਿੱਚ ਮਿਲਦਾ ਹੈ, "ਤਾਊਸ-ਮੋਰ, ਮਯੂਰ। ਮੋਰ ਦੀ ਸ਼ਕਲ ਵਾਲਾ ਇੱਕ ਵਾਜਾ, ਜੋ ਗਜ਼ ਨਾਲ ਵਜਾਈਦਾ ਹੈ"[10] ਤਾਊਸ ਸਾਜ਼ ਦੇ ਨੀਚੇ ਵਾਲੇ ਹਿੱਸੇ ਦੇ ਨਾਲ ਹੀ ਲੱਕੜ ਦਾ ਮੋਰ ਬਣਾਇਆ ਹੁੰਦਾ ਹੈ ਜੋ ਇਸ ਸਾਜ਼ ਨੂੰ ਦਿਲਰੁਬਾ ਅਤੇ ਇਸਰਾਜ ਤੋਂ ਵੱਖਰਾ ਕਰਦਾ ਹੈ। ਡਾ. ਗੁਰਨਾਮ ਸਿੰਘ ਲਿਖਦੇ ਹਨ, "ਇਸਰਾਜ ਦੀ ਡਾਂਡ ਤੋਂ ਬਿਨਾ ਬਾਕੀ ਤਬਲੀ ਵਾਲੇ ਹਿੱਸੇ ਨੂੰ ਜੇਕਰ ਮੋਰ ਦੀ ਸ਼ਕਲ ਵਿਚ ਬਣਾ ਦਿੱਤਾ ਜਾਵੇ ਤਾਂ ਉਸ ਨੂੰ ਤਾਊਸ ਦਾ ਨਾਮ ਦਿੱਤਾ ਜਾਂਦਾ ਹੈ। ਇਸ ਸਾਜ਼ ਦੇ ਬਾਕੀ ਸਾਰੇ ਅੰਗ ਅਤੇ ਵਾਦਨ ਵਿਧੀ ਇਸਰਾਜ ਵਾਂਗੂ ਹੀ ਹੈ। ਮਧ ਕਾਲ ਵਿਚ ਇਸ ਸਾਜ਼ ਦੇ ਸਪੱਸ਼ਟ ਗੁਰ ਹਰ ਗੋਬਿੰਦ ਸਾਹਿਬ ਦੇ ਦਰਬਾਰ ਤੋਂ ਇਲਾਵਾ ਪਰਮਾਣਕ ਪਰਮਾਣ ਉਪਲੱਬਧ ਨਹੀਂ ਹੁੰਦੇ ਪਰੰਤੂ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਗੁਰਮਤਿ ਸੰਗੀਤ ਦੇ ਸਨਮਾਨਯੋਗ ਮਹੰਤ ਗੱਜਾ ਸਿੰਘ (ਮਹਾਰਾਜਾ ਹਰੀ ਸਿੰਘ ਨਾਭਾ ਦੇ ਸੰਗੀਤਕਾਰ) ਏਸ ਸਾਜ਼ ਦੇ ਪਰਸਿੱਧ ਵਾਦਕ ਰਹੇ ਹਨ।"[11]

ਬਣਤਰ ਦੇ ਪੱਖੋਂ ਹੇਠਲੇ ਪਾਸੇ ਲੱਕੜ ਦਾ ਖੋਲ ਹੁੰਦਾ ਹੈ ਜਿਸ ਉੱਪਰ ਚਮੜਾ ਮੜ੍ਹਿਆ ਹੁੰਦਾ ਹੈ। ਇਸਦੇ ਨਾਲ ਹੀ ਲੱਕੜ ਦੀ ਡਾਂਡ ਹੁੰਦੀ ਹੈ ਜਿਸ ਉੱਪਰ ਲੋਹੇ ਜਾਂ ਸਟੀਲ ਦੇ ਪਰਦੇ ਲੱਗੇ ਹੁੰਦੇ ਹਨ। ਇਸ ਉੱਪਰ ਚਾਰ ਤਾਰਾਂ ਹੁੰਦੀਆਂ ਹਨ। ਇਹਨਾਂ ਤਾਰਾਂ ਨੂੰ ਵੱਖ-ਵੱਖ ਸੁਰਾਂ 'ਤੇ ਮਿਲਾਇਆ ਜਾਂਦਾ ਹੈ। ਇਹਨਾਂ ਸਾਜ਼ਾਂ ਨਾਲ ਮਿਲਦਾ ਜੁਲਦਾ ਇੱਕ ਹੋਰ ਸਾਜ਼ ਤਾਰ ਸ਼ਹਿਨਾਈ ਹੈ। ਇਸ ਵਿੱਚ ਫਰਕ ਇਹ ਹੁੰਦਾ ਹੈ ਕਿ ਇਸਦੇ ਹੇਠਲੇ ਹਿੱਸੇ ਉੱਪਰ ਇੱਕ ਸਾਊਂਡ ਬਾਕਸ ਲੱਗਾ ਹੁੰਦਾ ਹੈ ਜਿਸ ਕਾਰਨ ਇਸ ਸਾਜ਼ ਦੀ ਆਵਾਜ ਵੀ ਇਹਨਾਂ ਸਾਜ਼ਾਂ ਤੋਂ ਅਲੱਗ ਪ੍ਰਤੀਤ ਹੁੰਦੀ ਹੈ। ਤਾਰ ਸ਼ਹਿਨਾਈ ਦਾ ਜਿਆਦਾਤਰ ਪ੍ਰਯੋਗ ਗੀਤਾਂ ਵਿੱਚ ਕੀਤਾ ਜਾਂਦਾ ਹੈ।

**ਸਾਰੰਗੀ**

ਸਰੰਗੀ



ਸਾਰੰਗੀ ਸਾਜ਼ ਨੂੰ ਸੌ ਰੰਗੀ ਵੀ ਕਿਹਾ ਜਾਂਦਾ ਹੈ। ਇਹ ਗਾਇਨ ਨਾਲ ਸਭ ਤੋਂ ਨੇੜੇ ਦਾ ਸਹਾਇਕ ਸਾਜ਼ ਹੈ। ਇਸ ਬਾਰੇ ਮਹਾਨ ਕੋਸ਼ ਵਿੱਚ ਲਿਖਿਆ ਹੈ, "ਇੱਕ ਸਾਜ਼ ਜੋ ਸਾਰੰਗ (ਧਨੁਖ) ਜੇਹੇ ਗਜ ਨਾਲ ਵਜਾਈਦਾ ਹੈ।"[12] ਇਹ ਗਜ ਨਾਲ ਵੱਜਣ ਵਾਲਾ ਬਿਨਾਂ ਪਰਦਿਆਂ ਦਾ ਸਾਜ ਹੈ। ਇਸਦੀ ਆਵਾਜ ਗਾਇਕ ਦੀ ਸੰਗਤ ਲਈ ਸਭ ਤੋਂ ਵਧੀਆ ਅਤੇ ਪੂਰਨ ਹੁੰਦੀ ਹੈ। ਡਾ. ਜਸਬੀਰ ਕੌਰ ਅਨੁਸਾਰ, " ਗੁਰੂ ਹਰਿਗੋਬਿੰਦ ਸਾਹਿਬ ਨੇ ਪੁਰਾਤਨ ਕੀਰਤਨ ਪਰੰਪਰਾ ਨੂੰ ਜਾਰੀ ਰੱਖਦਿਆਂ ਵਾਰਾਂ ਗਾਉਣ ਦੀ ਪਰੰਪਰਾਂ ਵੀ ਸ਼ੁਰੂ ਕੀਤੀ ਅਤੇ ਬੀਰ-ਰਸੀ ਮਾਹੌਲ ਨੂੰ ਸਿਰਜਣ ਲਈ ਢੱਡ ਅਤੇ ਸਾਰੰਗੀ ਵਰਗੇ ਨਵੇਂ ਸਾਜ਼ ਹੋਂਦ ਵਿਚ ਲਿਆਂਦੇ ਤਾਂਕਿ ਭਗਤੀ ਦੇ ਨਾਲ-ਨਾਲ ਸ਼ਕਤੀ ਦਾ ਵੀ ਸੰਚਾਰ ਹੋ ਸਕੇ।"[13] ਗੁਰਮਤਿ ਸੰਗੀਤ ਵਿੱਚ ਸਾਰੰਗੀ ਦਾ ਪ੍ਰਯੋਗ ਵਾਰ ਗਾਇਨ ਸ਼ੈਲੀ ਦੇ ਨਾਲ ਕੀਤਾ ਜਾਂਦਾ ਹੈ। "ਭਾਰਤ ਦੇ ਰਾਜਾਂ ਵਿੱਚੋਂ ਇੱਕ ਰਾਜ ਪੰਜਾਬ ਹੈ, ਜਿੱਥੋਂ ਦੇ ਸੰਗੀਤ ਜਗਤ ਵਿਚ ਸਾਰੰਗੀ ਬਹੁਤ ਹਰਮਨ ਪਿਆਰਾ ਸਾਜ਼ ਮੰਨਿਆ ਗਿਆ ਹੈ। ਪੁਰਾਤਨ ਪੰਜਾਬ ਜੋ ਹਿੰਦੁਸਤਾਨੀ ਸਾਰੰਗੀ ਦਾ ਕੇਂਦਰੀ ਸਥਾਨ ਹੈ, ਦੀਆਂ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦੋਵੇਂ ਪਰੰਪਰਾਵਾਂ ਵਿਚ ਸਾਰੰਗੀ ਸਾਜ਼ ਦਾ ਪ੍ਰਸਾਰ ਰਿਹਾ ਹੈ।"[14] ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੀ ਸਾਰੰਗੀ ਦੇ ਰੂਪ ਅਤੇ ਵਾਦਨ ਦੋਨਾਂ ਵਿੱਚ ਵੱਖਰਤਾ ਪਾਈ ਜਾਂਦੀ ਹੈ। ਸ਼ਾਸਤਰੀ ਸੰਗੀਤ ਦੀ ਸਾਰੰਗੀ ਆਕਾਰ ਵਿੱਚ ਵੱਡੀ ਹੁੰਦੀ ਹੈ ਅਤੇ ਇਸਦਾ ਵਾਦਨ ਬੈਠ ਕੇ ਕੀਤਾ ਜਾਂਦਾ ਹੈ ਅਤੇ ਇਸਦਾ ਪ੍ਰਯੋਗ ਸੰਗਤ ਅਤੇ ਸੁਤੰਤਰ ਦੋਨਾਂ ਦੇ ਰੂਪ ਵਿੱਚ ਕੀਤਾ ਹੈ। ਬਾਵਜੂਦ ਇਸਦੇ ਲੋਕ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀ ਸਾਰੰਗੀ ਆਕਾਰ ਵਿੱਚ ਵੀ ਛੋਟੀ ਹੁੰਦੀ ਹੈ ਅਤੇ ਉਸਦਾ ਵਾਦਨ ਖੜੇ ਹੋ ਕੇ ਸੰਗਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਵਾਦਕ ਸਾਰੰਗੀ ਦੇ ਗਜ਼ ਨਾਲ ਘੁੰਘਰੂ ਬੰਨ੍ਹਦੇ ਹਨ ਤਾਂ ਕਿ ਲੈਅ ਬਣੀ ਰਹੇ। ਇਸ ਪ੍ਰਕਾਰ ਬਾਕੀ ਸਾਜ਼ਾਂ ਦੇ ਨਾਲ-ਨਾਲ ਘੁੰਘਰੂ ਸਾਜ਼ ਦਾ ਵੀ ਪ੍ਰਯੋਗ ਕਰ ਲਿਆ ਜਾਂਦਾ ਹੈ।

**ਤਾਨਪੁਰਾ**



ਇਹ ਇੱਕ ਸੁਰ ਸਾਜ਼ ਹੈ ਜਿਸਦਾ ਪ੍ਰਯੋਗ ਸੁਰ ਪ੍ਰਾਪਤੀ ਲਈ ਕੀਤਾ ਜਾਂਦਾ ਹੈ। ਇਹ ਸਭ ਤੋਂ ਜ਼ਰੂਰੀ ਸੁਰ ਸਾਧਨਾਂ ਦਾ ਸਾਜ਼ ਹੈ ਜਿਸ ਉੱਪਰ ਚਾਰ ਤਾਰ ਮੜ੍ਹੇ ਹੁੰਦੇ ਹਨ ਅਤੇ ਸੱਜੇ ਹੱਥ ਦੀਆਂ ਉਂਗਲੀਆਂ ਨਾਲ ਇਸਦਾ ਵਾਦਨ ਕੀਤਾ ਜਾਂਦਾ ਹੈ। ਤਾਨਪੁਰੇ ਬਾਰੇ ਡਾ. ਗੁਰਨਾਮ ਸਿੰਘ ਲਿਖਦੇ ਹਨ, "ਤਾਨਪੁਰਾ ਜਿਸ ਨੂੰ ਤੰਬੂਰਾ ਵੀ ਆਖਿਆ ਜਾਂਦਾ ਹੈ ਗਾਇਨ ਸੰਗੀਤ ਲਈ ਮੂਲ ਅਧਾਰ ਮੰਨਿਆ ਗਿਆ ਹੈ। ਇਸਦਾ ਸਬੰਧ ਤੰਬੂਰ ਰਿਸ਼ੀ ਨਾਲ ਜੋੜਿਆ ਜਾਂਦਾ ਹੈ। ਤਾਨਪੁਰੇ ਦਾ ਵਰਤਮਾਨ ਸਰੂਪ ਸਦੀਆ ਦਾ ਵਿਕਾਸ ਤੈਅ ਕਰਕੇ ਸਾਡੇ ਤੱਕ ਪਹੁੰਚਿਆ ਹੈ।"[15] ਇਸਦਾ ਪ੍ਰਯੋਗ ਸ਼ਾਸਤਰੀ ਸੰਗੀਤ ਵਿੱਚ ਤਾਂ ਬਹੁਤ ਕੀਤਾ ਜਾਂਦਾ ਹੈ ਪ੍ਰੰਤੂ ਆਧੁਨਿਕ ਸਮੇਂ ਗੁਰਮਤਿ ਸੰਗੀਤ ਵਿੱਚ ਬਹੁਤ ਵੇਖਣ ਨੂੰ ਮਿਲਦਾ ਹੈ। ਇਸਦੀ ਬਜਾਏ ਇਲੈਕਟ੍ਰੋਨਿਕ ਤਾਨਪੁਰੇ ਦਾ ਜਰੂਰ ਪ੍ਰਯੋਗ ਕੀਤਾ ਜਾਣ ਲੱਗ ਪਿਆ ਹੈ।

**ਪਖਾਵਜ/ਜੋੜੀ/ਤਬਲਾ**





ਇਹ ਸਾਜ਼ ਇੱਕ ਦੂਜੇ ਦੇ ਪੂਰਕ ਹਨ। 15ਵੀਂ-16ਵੀਂ ਸ਼ਤਾਬਦੀ ਵਿੱਚ ਧਰੁਪਦ ਗਾਇਨ ਦਾ ਪ੍ਰਚਲਨ ਸੀ। ਉਸ ਸਮੇਂ ਤਾਲ ਦੇ ਲਈ ਪਖਾਵਜ ਸਾਜ਼ ਦਾ ਪ੍ਰਯੋਗ ਕੀਤਾ ਜਾਂਦਾ ਸੀ। ਇਹ ਗੰਭੀਰ ਪ੍ਰਕ੍ਰਿਤੀ ਦਾ ਸਾਜ਼ ਹੈ। ਇਸਦਾ ਵਾਦਨ ਦੋਨਾਂ ਹੱਥਾਂ ਨਾਲ ਕੀਤਾ ਜਾਂਦਾ ਹੈ। ਇਸਦੇ ਇੱਕ ਪਾਸੇ ਕਾਲੀ ਸਿਆਹੀ ਅਤੇ ਦੂਜੇ ਪਾਸੇ ਆਟੇ ਦਾ ਘੋਲ ਲਗਾਇਆ ਜਾਂਦਾ ਹੈ। ਇਸ ਉੱਪਰ ਖੁੱਲ੍ਹੇ ਬੋਲਾਂ ਦਾ ਵਾਦਨ ਕੀਤਾ ਜਾਂਦਾ ਹੈ। ਸਮਾਂ ਬਦਲਣ ਤੋਂ ਬਾਅਦ ਤਕਰੀਬਨ 18ਵੀਂ ਸਦੀ ਦੇ ਆਸ-ਪਾਸ ਮੁਗਲਾਂ ਦੇ ਆਗਮਨ ਨਾਲ ਚੰਚਲ ਗਾਇਨ ਸ਼ੈਲੀਆਂ ਦਾ ਪ੍ਰਯੋਗ ਹੋਇਆ ਅਤੇ ਤਾਲ ਵਾਦਨ ਦੇ ਲਈ ਜੋੜੀ/ਤਬਲਾ ਸਾਜ਼ ਹੋਂਦ ਵਿੱਚ ਆਇਆ। ਜੋੜੀ ਗੁਰਮਤਿ ਸੰਗੀਤ ਦਾ ਪਰੰਪਰਾਗਤ ਸਾਜ਼ ਹੈ। ਇਹ ਸਾਜ਼ ਮੱਧ ਕਾਲ ਤੋਂ ਸ਼ਬਦ ਕੀਰਤਨ ਦੀਆਂ ਪੇਸ਼ਕਾਰੀਆਂ ਵਿਚ ਪ੍ਰਯੋਗ ਹੁੰਦਾ ਆ ਰਿਹਾ ਹੈ। ਇਸ ਸਾਜ਼ ਦੀ ਉਤਪਤੀ ਦੇ ਸੰਦਰਭ ਵਿਚ ਵਿਦਵਾਨਾਂ ਦਾ ਇਹ ਮੱਤ ਹੈ ਕਿ ਜੋੜੀ ਸਾਜ਼ ਪਖਾਵਜ ਤੋਂ

ਬਣਿਆ ਹੈ ਅਤੇ ਇਹ ਮੱਧ ਕਾਲ ਤੋਂ ਹੀ ਪ੍ਰਚਾਰ ਵਿਚ ਹੈ। ਪਖਾਵਜ ਨੂੰ ਵਿਚਕਾਰੋਂ ਦੋ ਹਿੱਸਿਆਂ ਵਿੱਚ ਕੱਟ ਕੇ ਬਣਾਏ ਇਸ ਸਾਜ਼ ਨੂੰ ਚਮੜੇ ਨਾਲ ਮੜ੍ਹਿਆ ਗਿਆ ਅਤੇ ਇਸਦਾ ਨਾਂ ਜੋੜੀ ਰੱਖ ਦਿੱਤਾ ਗਿਆ। ਇਸ ਸਾਜ਼ ਨੂੰ ਤਬਲੇ ਦਾ ਪੂਰਵ ਰੂਪ ਮੰਨਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਜੋੜ ਅਤੇ ਪਖਾਵਜ ਉੱਤੇ ਆਟੇ ਦੀ ਮੋਟੀ ਪਰਤ ਲਗਾ ਕੇ ਵਜਾਇਆ ਜਾਂਦਾ ਹੈ। ਇਸ ਤੋਂ ਇਲਾਵਾ ਤਬਲੇ ਉੱਤੇ ਆਟੇ ਦੀ ਥਾਂ ਤੇ ਪੱਕੀ ਕਾਲੀ ਸ਼ਿਆਹੀ ਲਗਾਈ ਜਾਂਦੀ ਹੈ। ਜੋੜੀ ਸਾਜ਼ ਦੋ ਭਾਗਾਂ ਵਿਚ ਵੰਡਿਆ ਹੁੰਦਾ ਹੈ ਜਿਸਦਾ ਵਾਦਨ ਦੋਵਾਂ ਹੱਥਾਂ ਨਾਲ ਕੀਤਾ ਜਾਂਦਾ ਹੈ। ਵੱਡਾ ਭਾਗ ਭਾਰੀ ਆਵਾਜ਼ ਪੈਦਾ ਕਰਦਾ ਹੈ ਅਤੇ ਛੋਟਾ ਬਰੀਕ ਆਵਾਜ਼ ਪੈਦਾ ਕਰਦਾ ਹੈ। "ਉੱਤਰ ਭਾਰਤ ਵਿੱਚ ਅਜਿਹਾ ਮੰਨਿਆਂ ਜਾਂਦਾ ਹੈ ਕਿ ਮੱਧ ਯੁੱਗ ਵਿੱਚ ਪਖਾਵਜ ਨੂੰ ਵਿਚਕਾਰੋਂ ਕੱਟ ਕੇ ਦੋ ਹਿੱਸਿਆਂ ਵਿੱਚ ਉਰਧਮੁਖੀ (ਜਿਹਨਾਂ ਦੇ ਮੂੰਹ ਉੱਪਰ ਵੱਲ ਨੂੰ ਹੁੰਦੇ ਹਨ) ਸਥਿਤੀ ਵਿੱਚ ਰੱਖ ਕੇ ਵਜਾਉਣ ਨਾਲ ਤਬਲਾ ਸਾਜ਼ ਦੀ ਉਤਪਤੀ ਹੋਈ। ਇਸ ਤਰ੍ਹਾਂ ਪਖਾਵਜ ਦੇ ਦੋ ਭਾਗ ਕਰਨ ਤੋਂ ਬਾਅਦ ਇਸ ਨੂੰ ਉਰਧਮੁਖੀ ਰੂਪ ਨਾਲ ਵਜਾਉਣ ਤੇ ਇੱਕ ਨਵੇਂ ਸਾਜ਼ ਦੇ ਰੂਪ ਵਿੱਚ ਬੋਲਿਆ ਅਰਥਾਤ 'ਤਬ ਭੀ ਬੋਲਾ' ਸ਼ਬਦ ਤੋਂ ਹੀ ਤਬ ਬੀ ਬੋਲਾ= ਤਬਬੋਲਾ- ਤਬਲਾ ਦੀ ਉਤਪਤੀ ਹੋਈ।"[16] ਇਸ ਪ੍ਰਕਾਰ ਤਬਲਾ ਸਾਜ਼ ਦੀ ਉਤਪਤੀ ਹੋਈ ਅਤੇ ਇੱਕ ਨਵੇਂ ਤਾਲ ਸਾਜ਼ ਦਾ ਪ੍ਰਯੋਗ ਤੇਜੀ ਨਾਲ ਵੱਧਣਾ ਸ਼ੁਰੂ ਹੋ ਗਿਆ। ਆਧੁਨਿਕ ਸਮੇਂ ਵਿੱਚ ਹਰ ਕੀਰਤਨਕਾਰ ਤਾਲ ਦੇ ਲਈ ਤਬਲਾ ਸਾਜ਼ ਦਾ ਹੀ ਪ੍ਰਯੋਗ ਕਰਦਾ ਹੈ।

**ਚਿਮਟਾ/ਛੈਣੇ/ਖੜਤਾਲ/ਢੋਲਕ**




ਇਹ ਸਾਰੇ ਲੈਅ ਅਤੇ ਤਾਲ ਸਾਜ਼ ਹਨ। ਇਹਨਾਂ ਸਾਜ਼ਾਂ ਦਾ ਪ੍ਰਯੋਗ ਸਥਾਨਕ ਗੁਰਦੁਆਰਿਆਂ, ਕੀਰਤਨ ਮੰਡਲੀਆਂ (ਕੀਰਤਨ ਚੌਂਕੀਆਂ ਦੌਰਾਨ), ਪ੍ਰਭਾਤ ਫੇਰੀਆਂ ਅਤੇ ਨਗਰ ਕੀਰਤਨ ਦੇ ਸਮੇਂ ਸੰਗਤ ਵੱਲੋਂ ਕੀਤਾ ਜਾਂਦਾ ਹੈ। ਚਿਮਟਾ. ਛੈਣੇ ਅਤੇ ਖੜਤਾਲ ਲੋਹੇ, ਪਿੱਤਲ ਜਾਂ ਸਟੀਲ ਦੇ ਬਣੇ ਹੁੰਦੇ ਹਨ ਜਿਹਨਾਂ ਨੂੰ ਆਪਸ ਵਿੱਚ

ਟਕਰਾਉਣ ਨਾਲ ਅਵਾਜ ਉਤਪੰਨ ਹੁੰਦੀ ਹੈ। ਮਹਾਨ ਕੋਸ਼ ਵਿੱਚ ਇਹਨਾਂ ਸਾਜ਼ਾਂ ਬਾਰੇ ਲਿਖਿਆ ਮਿਲਦਾ ਹੈ, "ਚਿਮਟਾ-ਇਸਨੂੰ ਫ਼ਕੀਰ ਆਪਣੇ ਹੱਥ ਵਿੱਚ ਰੱਖਦੇ ਹਨ ਅੱਜਕੱਲ ਚਿਮਟੇ ਨਾਲ ਕਈ ਰਾਗਵਿਰੋਧੀ ਭਜਨ ਮੰਡਲੀਆਂ ਕੀਰਤਨ ਕਰਨ ਵੇਲੇ ਤਾਲ ਪੂਰਦੀਆਂ ਹਨ।"[17] "ਛੈਣਾ- ਛਣਕਾਰ ਕਰਨ ਦਾ ਵਾਜਾ, ਕਾਂਸੀ ਦਾ ਤਾਲ, ਜੋ ਮੰਦਿਰਾਂ ਵਿੱਚ ਆਰਤੀ ਕੀਰਤਨ ਆਦਿ ਸਮੇਂ ਵਜਾਇਆ ਜਾਂਦਾ ਹੈ।"[18] ਢੋਲਕ ਇੱਕ ਤਾਲ ਸਾਜ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਪਖਾਵਜ ਦਾ ਛੋਟਾ ਰੂਪ ਢੋਲਕ ਹੁੰਦਾ ਹੈ। ਇਸਦੇ ਦੋਨਾਂ ਪਾਸਿਆਂ 'ਤੇ ਚਮੜਾ ਮੜ੍ਹਿਆ ਹੁੰਦਾ ਹੈ ਅਤੇ ਚਮੜੇ ਉੱਪਰ ਕਾਲੀ ਸਿਆਹੀ ਲਗਾਈ ਜਾਂਦੀ ਹੈ। ਇਸਦਾ ਪ੍ਰਯੋਗ ਤਾਲ ਸਾਜ਼ ਦੇ ਰੂਪ ਵਿੱਚ ਸੰਗਤ ਵਾਦਨ ਦੇ ਲਈ ਕੀਤਾ ਜਾਂਦਾ ਹੈ।

### ਹਾਰਮੋਨੀਅਮ



ਇਹ ਪੇਟੀ ਦੇ ਆਕਾਰ ਦਾ ਵਾਜਾ ਹੁੰਦਾ ਹੈ ਜੋ ਵਰਤਮਾਨ ਸਮੇਂ ਦੀ ਦੇਣ ਹੈ। ਇਸਦੇ ਇੱਕ ਪਾਸੇ ਸੁਰ ਅਤੇ ਦੂਜੇ ਪਾਸੇ ਪੱਖਾ ਲੱਗਾ ਹੁੰਦਾ ਹੈ ਜਿਸ ਵਿੱਚ ਹਵਾ ਭਰਨ ਦੇ ਨਾਲ ਆਵਾਜ ਉਤਪੰਨ ਹੁੰਦੀ ਹੈ। "ਪੰਜਾਬ ਵਿੱਚ ਕਈ ਪ੍ਰਕਾਰ ਦੇ ਹਾਰਮੋਨੀਅਮ ਤਿਆਰ ਕੀਤੇ ਜਾਂਦੇ ਹਨ, ਜਿਵੇਂ ਸਧਾਰਨ ਹਾਰਮੋਨੀਅਮ, ਕਪਲਰ ਹਾਰਮੋਨੀਅਮ, ਸਫ਼ਰੀ ਹਾਰਮੋਨੀਅਮ (ਫੋਲਡਿੰਗ ਹਾਰਮੋਨੀਅਮ), ਸਕੇਲ ਚੇਂਜਰ ਆਦਿ। ਸਧਾਰਨ ਅਤੇ ਕਪਲਰ ਹਾਰਮੋਨੀਅਮ ਸੈੱਟਾਂ ਵਿਚ ਵੀ ਅੱਗੇ ਕਈ ਪ੍ਰਕਾਰ ਜਿਵੇਂ ਡੇਢ ਸਪਤਕ ਹਾਰਮੋਨੀਅਮ, ਦੋ ਸਪਤਕ ਹਾਰਮੋਨੀਅਮ, ਸਵਾ ਦੋ ਸਪਤਕ ਹਾਰਮੋਨੀਅਮ, ਢਾਈ ਸਪਤਕ ਹਾਰਮੋਨੀਅਮ, ਤਿੰਨ ਸਪਤਕ ਹਾਰਮੋਨੀਅਮ, ਸਾਢੇ ਤਿੰਨ ਸਪਤਕ, ਖੜੀ

ਕੰਘੀ ਵਾਲਾ ਹਾਰਮੋਨੀਅਮ, ਸਿੰਗਲ ਸੈੱਟ (ਮੇਲ ਜਾਂ ਬਾਸ ਮੇਲ), ਡਬਲ ਸੈੱਟ (ਬਾਸ-ਮੇਲ, ਬਾਸ-ਟੀਪ, ਮੇਲ-ਮੇਲ, ਮੇਲ-ਟੀਪ) ਅਤੇ ਤਿੰਨ ਰੀਡ ਸੈੱਟ (ਬਾਸ-ਮੇਲ-ਟੀਪ) ਆਦਿ ਹਾਰਮੋਨੀਅਮ ਤਿਆਰ ਕੀਤੇ ਜਾਂਦੇ ਹਨ।"[19] ਡਾ. ਗੁਰਨਾਮ ਸਿੰਘ ਅਨੁਸਾਰ, "ਵਰਤਮਾਨ ਸਮੇਂ ਸ਼ਬਦ ਕੀਰਤਨ ਲਈ ਕੇਵਲ ਹਾਰਮੋਨੀਅਮ (ਵਾਜਾ) ਨੂੰ ਹੀ ਅਧਾਰ ਸਾਜ਼ ਮੰਨਿਆ ਜਾਣ ਲੱਗ ਪਿਆ ਹੈ। ਵਰਤਮਾਨ ਸਮੇਂ ਨਾਮਧਾਰੀ ਪਰੰਪਰਾ ਦੇ ਕੁਝ ਕੀਰਤਨੀਆਂ ਤੋਂ ਬਿਨਾਂ ਕੋਈ ਵੀ ਐਸਾ ਕੀਰਤਨੀਆਂ ਨਜ਼ਰ ਨਹੀਂ ਆਉਂਦਾ ਜਿਹੜਾ ਨਿਰੋਲ ਤੰਤੀ ਸਾਜ਼ਾਂ ਉੱਤੇ ਕੀਰਤਨ ਕਰਦਾ ਹੋਵੇ। ਇਸ ਸਾਜ਼ ਦਾ ਪਰਯੋਗ ਸਾਰੇ ਭਾਰਤੀ ਸੰਗੀਤ ਵਿਚ ਹੀ ਆਮ ਹੋਣ ਲੱਗ ਪਿਆ ਹੈ। ਪਰ ਇਸ ਸਾਜ਼ ਨਾਲ ਗਾਇਨ/ਕੀਰਤਨ ਦੀ ਰਾਗਾਤਮਕ ਸ਼ੁਧਤਾ ਨੂੰ ਸਪੱਸ਼ਟ ਰੂਪ ਵਿਚ ਖੋਰਾ ਲਗਿਆ ਹੈ।"[20] ਬੇਸ਼ੱਕ 19ਵੀਂ ਸਦੀ ਵਿੱਚ ਇਸ ਸਾਜ਼ ਦਾ ਪ੍ਰਯੋਗ ਵਧੇਰੇ ਹੋਣ ਕਰਕੇ ਰਾਗੀ ਕਲਾਕਾਰ ਤੰਤੀ ਵਾਦਨ ਦਾ ਪ੍ਰਯੋਗ ਛੱਡ ਰਹੇ ਸੀ ਪ੍ਰੰਤੂ ਫਿਰ ਵੀ ਪਿਛਲੇ ਕੁਝ ਸਮੇਂ ਤੋਂ ਮੁੜ ਤੰਤੀ ਸਾਜ਼ਾਂ ਦਾ ਪ੍ਰਯੋਗ ਹੋਣਾ ਸ਼ੁਰੂ ਹੋ ਗਿਆ ਹੈ।

## ਸਿੱਟਾ

ਗੁਰਮਤਿ ਸੰਗੀਤ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸਾਜ਼ਾਂ ਬਾਰੇ ਚਰਚਾ ਤੋਂ ਬਾਅਦ ਇਹ ਸਪੱਸ਼ਟ ਹੁੰਦਾ ਹੈ ਕਿ ਸੰਗੀਤ ਦੀ ਇਸ ਪਰੰਪਰਾ ਦੇ ਅਧੀਨ ਬਾਕੀ ਸਾਜ਼ਾਂ ਦੇ ਪ੍ਰਯੋਗ ਤੋਂ ਇਲਾਵਾ ਤੰਤੀ ਸਾਜ਼ਾਂ ਦਾ ਵਧੇਰੇ ਪ੍ਰਯੋਗ ਕੀਤਾ ਜਾਂਦਾ ਹੈ। ਇਸਦਾ ਇਕ ਵੱਡਾ ਕਾਰਨ ਇਹ ਹੈ ਕਿ ਸੰਗੀਤ ਸੁਰ ਅਤੇ ਲੈਅ 'ਤੇ ਅਧਾਰਿਤ ਹੈ ਅਤੇ ਤੰਤੀ ਸਾਜ਼ਾਂ ਦੇ ਵਧੇਰੇ ਪ੍ਰਯੋਗ ਦਾ ਕਾਰਨ ਵੀ ਇਹੀ ਹੈ ਕਿ ਇਸ ਵਿੱਚ ਸੁਰ ਅਤੇ ਲੈਅ ਦੋਨੋਂ ਹੀ ਪ੍ਰਧਾਨ ਹੁੰਦੇ ਹਨ। ਤੰਤੀ ਸਾਜ਼ਾਂ ਨੂੰ ਸੁਰ ਪ੍ਰਧਾਨ ਸਾਜ਼ ਕਿਹਾ ਜਾਂਦਾ ਹੈ। ਗਲੇ ਦੀਆਂ ਸਾਰੀਆਂ ਬਰੀਕੀਆਂ ਨੂੰ ਇਹਨਾਂ ਦੇ ਜ਼ਰੀਏ ਅਸਾਨੀ ਨਾਲ ਵਜਾਇਆ ਜਾ ਸਕਦਾ ਹੈ। ਰਬਾਬ ਸਾਜ਼ ਤੋਂ ਇਲਾਵਾ ਬਾਕੀ ਦਿਲਰੁਬਾ, ਤਾਊਸ, ਇਸਰਾਜ ਆਦਿ ਸਾਜ਼ ਗਜ਼ ਨਾਲ ਵੱਜਣ ਵਾਲੇ ਸਾਜ਼ ਹੁੰਦੇ ਹਨ ਜਿਹਨਾਂ ਉੱਪਰ ਗਾਇਨ ਵਾਂਗ ਹੀ ਇਕਸਾਰਤਾ ਬਣੀ ਰਹਿੰਦੀ ਹੈ। ਦੂਜਾ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ 'ਤੇ ਜਾਣ ਵੇਲੇ ਰਬਾਬ ਸਾਜ਼ ਨੂੰ ਸਹਾਇਕ ਸਾਜ਼ ਦੇ ਰੂਪ ਵਿੱਚ ਪ੍ਰਯੋਗ ਕੀਤਾ। ਇਹ ਸਾਜ਼ ਹਲਕਾ ਹੁੰਦਾ ਹੈ ਅਤੇ ਇਕ ਥਾਂ ਤੋਂ ਦੂਸਰੀ ਥਾਂ 'ਤੇ ਲੈ ਕੇ ਜਾਣਾ ਸੌਖਾ ਰਹਿੰਦਾ ਹੈ ਅਤੇ ਨਾਲ ਹੀ ਗਾਇਨ ਨਾਲ ਸਹਾਇਕ ਸਾਜ਼ ਦੇ ਰੂਪ ਵਿੱਚ

ਅਸਾਨੀ ਨਾਲ ਪ੍ਰਯੋਗ ਹੁੰਦਾ ਹੈ। ਮੌਜੂਦਾ ਰੂਪ ਵਿੱਚ ਵਧੇਰੇ ਕਰਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਇਹਨਾਂ ਸਾਜ਼ਾਂ ਦਾ ਅੱਜ ਵੀ ਪ੍ਰਯੋਗ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿੱਚ ਗਾਇਨ ਸ਼ੈਲੀਆਂ ਦੇ ਅਨੁਸਾਰ ਵੱਖ-ਵੱਖ ਸਾਜ਼ਾਂ ਦਾ ਪ੍ਰਯੋਗ 15ਵੀਂ ਸਦੀ ਤੋਂ ਲੈ ਕੇ ਹੁਣ ਤੱਕ ਹੁੰਦਾ ਆ ਰਿਹਾ ਹੈ। ਇਹਨਾਂ ਵਿੱਚੋਂ ਕੁਝ ਸਾਜ਼ਾਂ ਦਾ ਪ੍ਰਯੋਗ ਬੇਸ਼ੱਕ ਘੱਟ ਹੋ ਗਿਆ ਹੋਵੇ ਪ੍ਰੰਤੂ ਗੁਰਮਤਿ ਸੰਗੀਤ ਦੀ ਵਿਰਾਸਤ ਇੰਨੀ ਵਿਸ਼ਾਲ ਹੈ ਕਿ ਇਹਨਾਂ ਸਾਜ਼ਾਂ ਦੇ ਸਰੂਪ ਅਤੇ ਵਾਦਨ ਨੂੰ ਹਮੇਸ਼ਾਂ ਹੀ ਸੰਭਾਲ ਕੇ ਇਸਦਾ ਪ੍ਰਚਾਰ-ਪ੍ਰਸਾਰ ਕਰਨ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦਿੰਦੀ ਰਹੇਗੀ।

## ਹਵਾਲੇ ਅਤੇ ਟਿੱਪਣੀਆਂ

1. ਅਸ਼ੋਕ ਕੁਮਾਰ ਯਮਨ, ਸੰਗੀਤ ਰਤਨਾਵਲੀ, ਪੰਨਾ 341.
2. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 1022-1023.
3. ਗੁਰਿੰਦਰਪਾਲ ਸਿੰਘ ਜੋਸਨ, ਰਬਾਬੀ ਭਾਈ ਮਰਦਾਨਾ ਤੇ ਪੁਰਾਤਨ ਕੀਰਤਨੀਏ, ਪੰਨਾ 25-26.
4. ਉਹੀ, ਪੰਨਾ 1.
5. ਜਸਵੀਰ ਸਿੰਘ, ਸਾਜ਼ਾਂ ਦੇ ਸਿਰਜਣਹਾਰੇ, ਪੰਨਾਂ 58.
6. ਰਘਬੀਰ ਸਿੰਘ, ਸੰਗੀਤ ਸਿੱਖਿਆ ਗਾਵਹੁ ਸਚੀ ਬਾਣੀ, ਪੰਨਾ 505.
7. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 170.
8. ਡਾ. ਜਸਬੀਰ ਕੌਰ, ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਪੰਨਾ 61.
9. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 171.
10. ਉਹੀ, ਪੰਨਾ 582.
11. ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ, ਪੰਨਾ 161.
12. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 469.
13. ਡਾ. ਜਸਬੀਰ ਕੌਰ, ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਪੰਨਾ 59-60.
14. ਜਸਵੀਰ ਸਿੰਘ, ਸਾਜ਼ਾਂ ਦੇ ਸਿਰਜਣਹਾਰੇ, ਪੰਨਾਂ 58.
15. ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ, ਪੰਨਾ 162.

16. ਡਾ, ਯੋਗਮਾਇਆ ਸ਼ੁਕਲ, ਤਬਲੇ ਕੀ ਉਦਗਮ, ਵਿਕਾਸ ਏਵਮ ਵਾਦਨ ਸ਼ੈਲੀਆਂ, ਪੰਨਾ 49.
17. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 469.
18. ਉਹੀ, ਪੰਨਾ 494.
19. ਜਸਵੀਰ ਸਿੰਘ, ਸਾਜ਼ਾਂ ਦੇ ਸਿਰਜਣਹਾਰੇ, ਪੰਨਾਂ 85
20. . ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ, ਪੰਨਾ 164.